# Datacubed Health

## ਨਿੱਜਤਾ ਨੀਤੀ

## ਪ੍ਰਭਾਵੀ ਮਿਤੀ: 1 ਅਪ੍ਰੈਲ 2025

### ਜਾਣ-ਪਛਾਣ

Datacubed Health ਵਿਖੇ ਤੁਹਾਡੀ ਨਿੱਜਤਾ ਸਾਡੇ ਲਈ ਮਾਇਨੇ ਰੱਖਦੀ ਹੈ। ਇਹ ਨਿੱਜਤਾ ਨੀਤੀ (ਨੀਤੀ) ਸਮਝਾਉਂਦੀ ਹੈ ਕਿ ਅਸੀਂ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਤਰ ਕਰਦੇ, ਵਰਤਦੇ, ਅਤੇ ਸਾਂਝਾ ਕਰ ਸਕਦੇ ਹਾਂ। ਇਹ ਸਾਡੀ ਵੈੱਬਸਾਈਟ, ਸੇਵਾਵਾਂ, ਜਾਣਕਾਰੀ, ਸੰਦਾਂ, ਕਾਰਜਸ਼ੀਲਤਾ, ਅੱਪਡੇਟਾਂ, ਅਤੇ ਮਿਲਦੀਆਂ-ਜੁਲਦੀਆਂ ਸਮੱਗਰੀਆਂ (ਸਮੂਹਿਕ ਤੌਰ 'ਤੇ ਸੇਵਾਵਾਂ) 'ਤੇ ਲਾਗੂ ਹੁੰਦੀ ਹੈ। ਤੁਹਾਡੇ ਕੋਲ ਆਪਣੀ ਜਾਣਕਾਰੀ ਦੇ ਸਬੰਧ ਵਿੱਚ ਕਈ ਅਧਿਕਾਰ ਹਨ। ਕਿਰਪਾ ਕਰਕੇ ਨੀਤੀ ਨੂੰ ਸਾਵਧਾਨੀ ਨਾਲ ਪੜ੍ਹੋ, ਤਾਂ ਜੋ ਸਮਝ ਸਕੋ ਕਿ ਅਸੀਂ ਕੀ ਕਰਦੇ ਹਾਂ ਅਤੇ ਤੁਹਾਡੇ ਕੋਲ ਕੀ ਅਧਿਕਾਰ ਹਨ।

### ਸ਼ਾਮਲ ਕੀਤੀਆਂ ਸ਼ਰਤਾਂ

ਹੇਠ ਲਿਖੀਆਂ ਵਾਧੂ ਸ਼ਰਤਾਂ ਨੂੰ ਇਸ ਨੀਤੀ ਵਿੱਚ ਇਸ ਤਰ੍ਹਾਂ ਸ਼ਾਮਲ ਕੀਤਾ ਗਿਆ ਹੈ ਜਿਵੇਂ ਕਿ ਉਹ ਇੱਥੇ ਪੂਰੀ ਤਰ੍ਹਾਂ ਦਰਜ ਹੋਣ:

- ਅੰਤਲੇ ਵਰਤੋਂਕਾਰ ਲਈ ਸੇਵਾ ਦੀਆਂ ਸ਼ਰਤਾਂ
- ਬੱਚਿਆਂ ਦੀ ਨਿੱਜਤਾ ਨੀਤੀ
- ਕੂਕੀ ਨੀਤੀ

### ਅਸੀਂ ਕੌਣ ਹਾਂ

ਅਸੀਂ Data Cubed, LLC d/b/a Datacubed Health ਹਾਂ। ਸਾਡੇ ਨਾਲ legal@datacubed.com 'ਤੇ ਅਤੇ ਹੇਠ ਲਿਖੇ ਪਤੇ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

Datacubed Health
630 Freedom Business Center
3rd Floor
King of Prussia, PA 19406

Datacubed Health ਅਗਵਾਈ ਕਰਨ ਵਾਲੀ ਇੱਕ ਤਕਨਾਲੋਜੀ ਕੰਪਨੀ ਹੈ ਜੋ ਵਾਕਈ ਵਿਗਿਆਨ ਵਿੱਚ ਸੁਧਾਰ ਲਿਆ ਰਹੀ ਹੈ ਅਤੇ ਬਰਾਦਰੀਆਂ ਨੂੰ ਜ਼ਿਆਦਾ ਸਿਹਤਮੰਦ ਬਣਾ ਰਹੀ ਹੈ। ਅਸੀਂ ਮਰੀਜ਼ਾਂ ਨੂੰ ਦੂਰੋਂ ਸ਼ਾਮਲ ਕਰਨ ਲਈ ਅਤੇ ਆਭਾਸੀ ਨੈਦਾਨਿਕ ਅਧਿਐਨਾਂ ਲਈ ਡੇਟਾ ਕੈਪਚਰ ਕਰਨ ਵਾਸਤੇ ਵਿਅਕਤੀਗਤ ਤੌਰ 'ਤੇ ਤਿਆਰ ਕੀਤੇ ਸਮਾਧਾਨ ਲਾਗੂ ਕਰਦੇ ਹਾਂ, ਜਿਹਨਾਂ ਵਿੱਚ ਸਮਾਰਟਫੋਨ ਐਪ, ਪਹਿਨਣ-ਯੋਗ ਡਿਵਾਈਸਾਂ, ਘਰ ਵਿੱਚ ਲਗਾਏ ਜਾਣ ਵਾਲੇ, ਅਤੇ ਵਾਤਾਵਰਨ ਸੰਬੰਧੀ ਸੈਂਸਰ ਸ਼ਾਮਲ ਹਨ। ਖੋਜ, ਪਰੀਖਣਾਂ, ਅਧਿਐਨਾਂ, ਮਰੀਜ਼ ਨੂੰ ਸ਼ਾਮਲ ਕਰਨ ਸਬੰਧੀ ਪਹਿਲਕਦਮੀਆਂ, ਜਾਂ ਅਜਿਹੇ ਪ੍ਰੋਜੈਕਟ ਜਿਹਨਾਂ ਨੂੰ ਅਸੀਂ ਕੰਪਨੀਆਂ ਅਤੇ

ਸਿਹਤ ਦੇਖਭਾਲ ਸੰਗਠਨਾਂ ("ਨੈਦਾਨਿਕ ਖੋਜ ਅਧਿਐਨ") ਅਤੇ ਸਿੱਖਿਅਤ ਸੰਸਥਾਵਾਂ ("ਅਕਾਦਮੀ ਅਧਿਐਨ") (ਸਮੂਹਿਕ ਤੌਰ 'ਤੇ "ਅਧਿਐਨ") ਦੇ ਵੱਲੋਂ ਚਲਾਉਂਦੇ ਹਾਂ, ਇਹਨਾਂ ਦੇ ਸਬੰਧ ਵਿੱਚ ਅਸੀਂ ਕਈ ਵਾਰ ਤੁਹਾਡੇ ਤੋਂ ਜਾਣਕਾਰੀ ਇਕੱਤਰ ਕਰਦੇ ਹਾਂ।

"ਅਸੀਂ," "ਸਾਨੂੰ" ਅਤੇ "ਸਾਡਾ/ਸਾਡੇ" ਦੇ ਹਵਾਲਿਆਂ ਦਾ ਮਤਲਬ Datacubed Health ਹੈ। "ਤੀਜੀ-ਧਿਰ" ਦੇ ਹਵਾਲਿਆਂ ਦਾ ਮਤਲਬ ਸਾਡੇ ਜਾਂ ਤੁਹਾਡੇ ਤੋਂ ਅਲਾਵਾ ਕੋਈ ਵਿਅਕਤੀ ਹੈ।

ਅਸੀਂ ਅਜਿਹੀ ਨਿੱਜੀ ਜਾਣਕਾਰੀ ਦੇ ਪ੍ਰੋਸੈਸਰ ਹਾਂ ਜੋ ਕਲਾਇੰਟ ਦੇ ਭਾਗੀਦਾਰ ਸਾਨੂੰ ਪ੍ਰਦਾਨ ਕਰਦੇ ਹਨ। ਅਸੀਂ ਅਜਿਹੀ ਨਿੱਜੀ ਜਾਣਕਾਰੀ ਦੇ ਨਿਯੰਤ੍ਰਕ ਹਾਂ ਜੋ Datacubed Health ਦੇ ਭਾਗੀਦਾਰ ਸਾਨੂੰ ਪ੍ਰਦਾਨ ਕਰਦੇ ਹਨ।

## ਤੁਸੀਂ ਕੌਣ ਹੋ

ਇਸ ਨੀਤੀ ਵਿੱਚ, "ਤੁਸੀਂ/ਤੁਹਾਡਾ/ਤੁਹਾਡੇ" ਦਾ ਮਤਲਬ ਤੁਸੀਂ ਹੈ, ਜੋ ਹੇਠ ਲਿਖੇ ਅਨੁਸਾਰ ਹੈ:

- ਕਲਾਇੰਟ – Datacubed Health ਦੀ ਵਰਤੋਂ ਕਰਨ ਵਾਲੇ ਕਿਸੇ ਕਾਰੋਬਾਰ ਦਾ ਕਰਮਚਾਰੀ ਜਾਂ ਨੁਮਾਇੰਦਾ
- ਕਲਾਇੰਟ ਦਾ ਭਾਗੀਦਾਰ – ਕਿਸੇ ਕਾਰੋਬਾਰ ਦੁਆਰਾ ਬੇਨਤੀ ਕੀਤਾ ਗਿਆ ਵਿਅਕਤੀ ਜੋ ਕਾਰੋਬਾਰ ਵਜੋਂ Datacubed Health ਦੁਆਰਾ ਸੰਚਾਲਿਤ ਕੀਤੇ ਅਧਿਐਨ ਵਿੱਚ ਭਾਗ ਲੈਂਦਾ ਹੈ
- Datacubed Health ਭਾਗੀਦਾਰ – ਇੱਕ ਵਿਅਕਤੀ ਜੋ ਆਪਣੇ ਬਲਬੂਤੇ ਉੱਤੇ Datacubed Health ਦੁਆਰਾ ਸੰਚਾਲਿਤ ਇੱਕ ਅਧਿਐਨ ਵਿੱਚ ਭਾਗ ਲੈਂਦਾ ਹੈ

ਇੱਕ ਕਲਾਇੰਟ ਦੇ ਤੌਰ 'ਤੇ ਤੁਸੀਂ ਕਲਾਇੰਟ ਭਾਗੀਦਾਰ ਦੀ ਅਜਿਹੀ ਨਿੱਜੀ ਜਾਣਕਾਰੀ ਦੇ ਨਿਯੰਤ੍ਰਕ ਹੋ ਜੋ ਤੁਸੀਂ ਸਾਨੂੰ ਪ੍ਰਦਾਨ ਕਰਦੇ ਹੋ।

## ਸਾਡੇ ਕੋਲ ਨਿੱਜੀ ਜਾਣਕਾਰੀ ਨੂੰ ਪ੍ਰੋਸੈਸ ਕਰਨ ਦਾ ਕਿਹੜਾ ਕਾਨੂੰਨੀ ਆਧਾਰ ਹੈ

ਅਸੀਂ ਹੇਠ ਲਿਖੇ ਦੇ ਆਧਾਰ ਉੱਤੇ ਤੁਹਾਡੀ ਨਿੱਜੀ ਜਾਣਕਾਰੀ ਨੂੰ ਪ੍ਰੋਸੈਸ ਕਰਦੇ ਹਾਂ:

- ਸਾਡੇ ਵਲੋਂ ਸੰਚਾਲਿਤ ਕੀਤੇ ਅਧਿਐਨਾਂ ਦੇ ਸਬੰਧ ਵਿੱਚ, ਤੁਹਾਡੇ ਵੱਲੋਂ ਸਾਨੂੰ ਜਾਂ ਸਾਡੇ ਕਲਾਇੰਟ ਨੂੰ ਪ੍ਰਦਾਨ ਕੀਤੀ ਗਈ ਸਹਿਮਤੀ। ਤੁਹਾਡੇ ਕੋਲ ਕਿਸੇ ਵੀ ਸਮੇਂ 'ਤੇ ਆਪਣੀ ਸਹਿਮਤੀ ਨੂੰ ਵਾਪਸ ਲੈਣ ਦਾ ਅਧਿਕਾਰ ਹੈ। ਤੁਸੀਂ ਸਾਡੇ ਨਾਲ legal@datacubed.com 'ਤੇ ਸੰਪਰਕ ਕਰਕੇ ਜਾਂ ਸਾਡੇ ਕਲਾਇੰਟ, ਅਧਿਐਨ ਦੇ ਸਰਪ੍ਰਸਤ ਨਾਲ ਨੈਦਾਨਿਕ ਸਾਈਟ ਦੇ ਜ਼ਰੀਏ ਸੰਪਰਕ ਕਰਕੇ ਜਿੱਥੇ ਅਧਿਐਨ ਚਲਾਇਆ ਜਾ ਰਿਹਾ ਹੈ, ਤੁਹਾਡੀ ਨਿੱਜੀ ਜਾਣਕਾਰੀ ਨੂੰ ਪ੍ਰੋਸੈਸ ਕਰਨ ਲਈ ਸਾਨੂੰ ਦਿੱਤੀ ਗਈ ਆਪਣੀ ਸਹਿਮਤੀ ਨੂੰ ਵਾਪਸ ਲੈ ਸਕਦੇ ਹੋ। "ਸਹਿਮਤੀ" ਦੇ ਕਾਨੂੰਨੀ ਆਧਾਰ ਦੇ ਤਹਿਤ ਅਧਿਐਨਾਂ ਦੇ ਸਬੰਧ ਵਿੱਚ ਕੀਤੀ ਗਈ ਪ੍ਰੋਸੈਸਿੰਗ ਦਾ ਮਤਲਬ ਹੈ:
    - ਕਲਾਇੰਟ ਦੇ ਭਾਗੀਦਾਰਾਂ ਅਤੇ Datacubed Health ਦੇ ਭਾਗੀਦਾਰਾਂ ਵਲੋਂ ਨਿੱਜੀ ਜਾਣਕਾਰੀ ਇਕੱਤਰ ਕਰਨਾ, ਅਤੇ
    - ਸੇਵਾਵਾਂ ਪ੍ਰਦਾਨ ਕਰਨ ਲਈ ਨਿੱਜੀ ਜਾਣਕਾਰੀ ਇਕੱਤਰ ਕਰਨਾ ਅਤੇ ਉਸਦੀ ਵਰਤੋਂ ਕਰਨਾ।

- ਸਾਡੇ ਜਾਇਜ਼ ਕਾਰੋਬਾਰੀ ਹਿੱਤ, ਉਸ ਸੀਮਾ ਤੱਕ ਜੋ ਲਾਗੂ ਕਾਨੂੰਨ ਦੇ ਤਹਿਤ ਤੁਹਾਡੇ ਅਧਿਕਾਰਾਂ ਤੋਂ ਜ਼ਿਆਦਾ ਅਹਿਮ ਨਾ ਹੋਵੇ। “ਜਾਇਜ਼ ਕਾਰੋਬਾਰੀ ਹਿੱਤ” ਦੇ ਕਾਨੂੰਨੀ ਆਧਾਰ ਦੇ ਤਹਿਤ ਕੀਤੀ ਗਈ ਪ੍ਰੋਸੈਸਿੰਗ ਦਾ ਮਤਲਬ ਹੈ:
  - ਸੇਵਾ ਅਤੇ ਤਕਨੀਕੀ ਸਮਰਥਨ ਸਬੰਧੀ ਮੁੱਦਿਆਂ ਅਤੇ ਬੇਨਤੀਆਂ ਦਾ ਜਵਾਬ ਦੇਣਾ,
  - ਸਾਡੀ ਵੈੱਬਸਾਈਟ ਅਤੇ ਹੈਲਪਡੈਸਕ 'ਤੇ ਕੀਤੀਆਂ ਜਾਂ legal@datacubed.com 'ਤੇ ਭੇਜੀਆਂ ਤੁਹਾਡੀਆਂ ਬੇਨਤੀਆਂ ਨੂੰ ਪੂਰਾ ਕਰਨਾ
  - ਸੇਵਾਵਾਂ ਦਾ ਵਿਕਾਸ ਕਰਨਾ ਅਤੇ ਸੁਧਾਰਨਾ

## ਅਸੀਂ ਕਿਹੜੀ ਨਿੱਜੀ ਜਾਣਕਾਰੀ ਇਕੱਤਰ ਕਰਦੇ ਹਾਂ

ਇੱਕ ਅਕਾਦਮੀ ਅਧਿਐਨ ਵਿੱਚ ਕਲਾਇੰਟ ਦੇ ਭਾਗੀਦਾਰ ਜਾਂ Datacubed Health ਦੇ ਭਾਗੀਦਾਰ ਵਜੋਂ, ਅਸੀਂ ਹੇਠ ਲਿਖੀ ਜਾਣਕਾਰੀ ਇਕੱਤਰ ਕਰ ਸਕਦੇ ਹਾਂ ਜਦੋਂ ਤੁਸੀਂ ਕਿਸੇ ਅਕਾਦਮੀ ਅਧਿਐਨ ਵਿੱਚ ਭਾਗ ਲੈਣ ਲਈ ਸਾਈਨ ਅੱਪ ਕਰਦੇ ਹੋ, ਅਤੇ ਭਾਗ ਲੈਂਦੇ ਹੋ:

- ਨਾਮ
- ਪਤਾ
- ਜਨਮ ਦੀ ਮਿਤੀ
- ਜਨਮ ਦਾ ਸਥਾਨ
- ਈਮੇਲ ਪਤਾ
- ਯੂਜ਼ਰਨੇਮ
- ਸੇਵਾਵਾਂ ਉੱਤੇ ਤੁਹਾਡੀਆਂ ਗਤੀਵਿਧੀਆਂ ਅਤੇ ਵਰਤੇ ਗਏ ਡਿਵਾਈਸਾਂ ਤੋਂ ਜਾਣਕਾਰੀ
- ਜੀਓਫੈਂਸਿੰਗ ਵਿਸ਼ੇਸ਼ਤਾਵਾਂ ਦੇ ਨਾਲ ਵਰਤਣ ਲਈ ਸਥਾਨ, ਜਿਵੇਂ ਲਾਗੂ ਹੋਵੇ
- ਫ਼ੋਨ ਡਿਵਾਈਸ ਦੀ ਜਾਣਕਾਰੀ
- ਬਲੂਟੁੱਥ ਡਿਵਾਈਸ ਦੀ ਜਾਣਕਾਰੀ
- ਫ਼ੋਨ ਸੰਪਰਕ
- ਸੈਲ ਮੇਟਾਡੇਟਾ
- SMS ਸੁਨੇਹਾ ਮੇਟਾਡੇਟਾ
- IP ਪਤੇ
- ਸੋਸ਼ਲ ਮੀਡੀਆ ਮੇਟਾਡੇਟਾ
- ਜਨ ਅੰਕੜੇ ਸਬੰਧੀ ਜਾਣਕਾਰੀ (ਨਸਲੀ ਗੁਣ, ਲਿੰਗ, ਕੱਦ, ਅਤੇ ਭਾਰ)
- ਚਿਕਿਤਸਕੀ ਸਥਿਤੀ
- ਚਿਕਿਤਸਕੀ ਖੁਰਾਕ ਅਤ/ਜਾਂ ਖੁਰਾਕ ਵਿੱਚ ਬਦਲਾਵ ਦੇ ਵੇਰਵੇ
- ਚਿਕਿਤਸਕੀ ਇੰਜੈਕਸ਼ਨ ਸਾਈਟ ਅਤੇ ਇੰਜੈਕਸ਼ਨ ਦੀ ਮਿਤੀ ਦੇ ਵੇਰਵੇ
- ਸਿਹਤ, ਅਰਥ-ਵਿਵਸਥਾ ਅਤੇ ਨਤੀਜਿਆਂ ਦੀ ਖੋਜ (Health, Economics and Outcomes Research, HEOR) ਦੇ ਡੇਟਾ ਲਈ ਸਰਵੇਖਣ ਸੰਬੰਧੀ ਜਾਣਕਾਰੀ

ਇੱਕ ਨੈਦਾਨਿਕ ਖੋਜ ਅਧਿਐਨ ਵਿੱਚ ਕਲਾਇੰਟ ਦੇ ਭਾਗੀਦਾਰ ਜਾਂ Datacubed Health ਦੇ ਭਾਗੀਦਾਰ ਵਜੋਂ, ਅਸੀਂ ਹੇਠ ਲਿਖੀ ਜਾਣਕਾਰੀ ਇਕੱਤਰ ਕਰ ਸਕਦੇ ਹਾਂ ਜਦੋਂ ਤੁਸੀਂ ਕਿਸੇ ਨੈਦਾਨਿਕ ਖੋਜ ਅਧਿਐਨ ਵਿੱਚ ਭਾਗ ਲੈਣ ਲਈ ਸਾਈਨ ਅੱਪ ਕਰਦੇ ਹੋ, ਅਤੇ ਭਾਗ ਲੈਂਦੇ ਹੋ:

- ਪਹਿਲਾ ਨਾਮ, ਅਤੇ ਵਿਕਲਪਿਕ ਤੌਰ 'ਤੇ ਆਖਰੀ ਨਾਮ
- ਈਮੇਲ ਪਤਾ
- ਸੇਵਾਵਾਂ ਉੱਤੇ ਤੁਹਾਡੀਆਂ ਗਤੀਵਿਧੀਆਂ ਅਤੇ ਵਰਤੇ ਗਏ ਡਿਵਾਈਸਾਂ ਤੋਂ ਜਾਣਕਾਰੀ
- ਜੀਓਫੈਂਸਿੰਗ ਵਿਸ਼ੇਸ਼ਤਾਵਾਂ ਦੇ ਨਾਲ ਵਰਤਣ ਲਈ ਸਥਾਨ, ਜਿਵੇਂ ਲਾਗੂ ਹੋਵੇ
- IP ਪਤੇ
- ਚਿਕਿਤਸਕੀ ਸਥਿਤੀ
- ਚਿਕਿਤਸਕੀ ਖੁਰਾਕ ਅਤ/ਜਾਂ ਖੁਰਾਕ ਵਿੱਚ ਬਦਲਾਵ ਦੇ ਵੇਰਵੇ
- ਚਿਕਿਤਸਕੀ ਇੰਜੈਕਸ਼ਨ ਸਾਈਟ ਅਤੇ ਇੰਜੈਕਸ਼ਨ ਦੀ ਮਿਤੀ ਦੇ ਵੇਰਵੇ
- ਸਿਹਤ, ਅਰਥ-ਵਿਵਸਥਾ ਅਤੇ ਨਤੀਜਿਆਂ ਦੀ ਖੋਜ (Health, Economics and Outcomes Research, HEOR) ਦੇ ਡੇਟਾ ਲਈ ਸਰਵੇਖਣ ਸੰਬੰਧੀ ਜਾਣਕਾਰੀ

ਇੱਕ ਕਲਾਇੰਟ ਵਜੋਂ, ਅਸੀਂ ਹੇਠ ਲਿਖੀ ਜਾਣਕਾਰੀ ਇਕੱਤਰ ਕਰ ਸਕਦੇ ਹਾਂ:

- ਨਾਮ
- ਕਾਰੋਬਾਰੀ ਪਤਾ
- ਕਾਰੋਬਾਰੀ ਟੈਲੀਫ਼ੋਨ ਨੰਬਰ
- ਕਾਰੋਬਾਰੀ ਈਮੇਲ ਪਤਾ
- ਕੋਈ ਸੁਨੇਹਾ ਜੋ ਤੁਸੀਂ ਸਾਨੂੰ ਭੇਜਦੇ ਹੋ
- ਬਿਲਿੰਗ ਸੰਬੰਧੀ ਜਾਣਕਾਰੀ
- ਤੁਹਾਨੂੰ ਸਾਡੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਹੋਰ ਜ਼ਰੂਰੀ ਵੇਰਵੇ

ਕਲਾਇੰਟ ਵਜੋਂ, ਤੁਸੀਂ ਇਸ ਜਾਣਕਾਰੀ ਦੇ ਨਿਯੰਤ੍ਰਕ ਹੋ, ਅਤੇ ਅਸੀਂ ਇਸ ਜਾਣਕਾਰੀ ਦੇ ਪ੍ਰੋਸੈਸਰ ਹਾਂ।

## ਅਸੀਂ ਨਿੱਜੀ ਜਾਣਕਾਰੀ ਕਿਵੇਂ ਵਰਤ ਸਕਦੇ ਹਾਂ

ਅਸੀਂ, ਇੱਕ ਕਲਾਇੰਟ ਭਾਗੀਦਾਰ ਜਾਂ Datacubed Health ਭਾਗੀਦਾਰ ਦੇ ਤੌਰ 'ਤੇ, ਸਾਡੀ ਤੁਹਾਡੇ ਤੋਂ ਇਕੱਤਰ ਕੀਤੀ ਜਾਣਕਾਰੀ ਦੀ ਵਰਤੋਂ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਕਰਦੇ ਹਾਂ। ਅਸੀਂ ਇਸ ਜਾਣਕਾਰੀ ਦੀ ਵਰਤੋਂ ਸਾਡੀਆਂ ਸੇਵਾਵਾਂ ਦਾ ਵਿਕਾਸ ਅਤੇ ਸੁਧਾਰ ਕਰਨ, ਤੁਹਾਡੀਆਂ ਬੇਨਤੀਆਂ ਨੂੰ ਪੂਰਾ ਕਰਨ, ਅਤੇ ਕਾਨੂੰਨ ਦੁਆਰਾ ਇਜਾਜ਼ਤ ਦਿੱਤੇ ਹੋਰ ਉਦੇਸ਼ਾਂ ਲਈ ਵੀ ਕਰ ਸਕਦੇ ਹਾਂ।

ਜੇ ਤੁਸੀਂ ਕਲਾਇੰਟ ਦੇ ਭਾਗੀਦਾਰ ਹੋ, ਤਾਂ ਸਾਡੇ ਵਲੋਂ ਤੁਹਾਡੀ ਜਾਣਕਾਰੀ ਦੀ ਪ੍ਰੋਸੈਸਿੰਗ ਕਲਾਇੰਟ ਦੇ ਨਾਲ ਇਕਰਾਰਨਾਮੇ ਵਿੱਚ ਸਹਿਮਤੀ ਵਾਲੀਆਂ ਸ਼ਰਤਾਂ ਤਕ ਸੀਮਿਤ ਹੁੰਦੀ ਹੈ। ਅਸੀਂ ਕਲਾਇੰਟ, ਅਧਿਐਨ ਦੇ ਸਰਪ੍ਰਸਤ ਨਾਲ ਸਿਰਫ਼ ਉਪਨਾਮ ਵਾਲਾ ਡੇਟਾ ਸਾਂਝਾ ਕਰਦੇ ਹਾਂ।

ਅਸੀਂ ਕਲਾਇੰਟਾਂ ਤੋਂ ਇਕੱਤਰ ਕੀਤੀ ਜਾਣਕਾਰੀ ਦੀ ਵਰਤੋਂ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਅਤੇ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਕਰਦੇ ਹਾਂ।

## ਅਸੀਂ ਨਿੱਜੀ ਜਾਣਕਾਰੀ ਕਿਵੇਂ ਸਾਂਝੀ ਕਰ ਸਕਦੇ ਹਾਂ

ਅਸੀਂ ਸਾਡੇ ਸੇਵਾ ਪ੍ਰਦਾਤਾਵਾਂ ਦੇ ਨਾਲ ਨਿੱਜੀ ਜਾਣਕਾਰੀ ਗੁਪਤ ਤੌਰ 'ਤੇ ਸਾਂਝੀ ਕਰਦੇ ਹਾਂ, ਤਾਂ ਜੋ ਉਹ ਸਾਨੂੰ, ਤੁਹਾਨੂੰ ਸੇਵਾਵਾਂ ਪ੍ਰਦਾਨ ਕਰ ਸਕਣ, ਅਤੇ ਸਾਨੂੰ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਬਣਾ ਸਕਣ:

- Amazon Web Services, Inc. (AWS) ਯੂਨਾਈਟਿਡ ਸਟੇਟਸ (ਯੂ.ਐਸ.) ਅਤੇ ਜਰਮਨੀ ਵਿੱਚ ਸਰਵਰ ਪ੍ਰਦਾਨ ਕਰਦੇ ਹਨ ਜੋ ਤੁਹਾਡੇ ਤੋਂ ਇਕੱਤਰ ਕੀਤੀ ਗਈ ਸਾਰੀ ਜਾਣਕਾਰੀ ਸਟੋਰ ਕਰਦੇ ਹਨ
- ਯੂ.ਐਸ. ਵਿੱਚ ਸਥਿਤ Rocket Science Group LLC d/b/a Mailchimp ਈਮੇਲ ਸੰਚਾਰਾਂ ਦਾ ਪ੍ਰਬੰਧ ਕਰਨ ਵਿੱਚ ਸਾਡੀ ਮਦਦ ਕਰਦੇ ਹਨ
- ਯੂ.ਐਸ., ਬੈਲਜੀਅਮ, ਰੋਮਾਨੀਆ, ਚੀਨ, ਪੋਲੈਂਡ, ਅਤੇ ਫਿਲੀਪੀਨਸ ਵਿੱਚ ਸਥਿਤ Stefanini Group ਸਮਰਥਨ ਟਿਕਟਾਂ ਦਾ ਪ੍ਰਬੰਧ ਕਰਨ ਵਿੱਚ ਸਾਡੀ ਮਦਦ ਕਰਦੇ ਹਨ
- ਜਰਮਨੀ ਅਤੇ ਯੂ.ਐਸ. ਵਿੱਚ ਸਥਿਤ Twilio, Inc. ਟੈਕਸਟ ਸੰਦੇਸ਼ ਭੇਜਣ ਅਤੇ ਪ੍ਰਾਪਤ ਕਰਨ ਅਤੇ ਵੀਡੀਓ ਕਾਨਫਰੰਸਿੰਗ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕਰਦੇ ਹਨ
- ਜਰਮਨੀ ਅਤੇ ਯੂ.ਐਸ. ਵਿੱਚ ਸਥਿਤ Splunk, Inc. ਅਤੇ ਜਰਮਨੀ ਅਤੇ ਯੂ.ਐਸ. ਵਿੱਚ ਸਥਿਤ Sisense, Ltd. ਨਿੱਜੀ ਜਾਣਕਾਰੀ ਦਾ ਵਿਸ਼ਲੇਸ਼ਣ ਕਰਨ ਅਤੇ ਇਸ ਬਾਰੇ ਪ੍ਰਦਰਸ਼ਨ ਰਿਪੋਰਟਾਂ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕਰਦੇ ਹਨ

ਸਾਡੇ ਕਲਾਇੰਟਾਂ ਦੇ ਨਿਰਦੇਸ਼ ਅਨੁਸਾਰ, ਅਸੀਂ ਅਜਿਹੇ ਹਸਪਤਾਲਾਂ ਅਤੇ ਕਲਿਨਿਕਾਂ ਦੇ ਨਾਲ ਨਿੱਜੀ ਜਾਣਕਾਰੀ ਸਾਂਝੀ ਕਰਦੇ ਹਾਂ ਜੋ ਸਾਡੇ ਕਲਾਇੰਟਾਂ ਦੇ ਵੱਲੋਂ ਸੇਵਾਵਾਂ ਪ੍ਰਦਾਨ ਕਰਦੇ ਹਨ।

ਅਸੀਂ ਸਰਕਾਰੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਨਾਲ ਉਸ ਸੀਮਾ ਤਕ ਨਿੱਜੀ ਜਾਣਕਾਰੀ ਸਾਂਝੀ ਕਰ ਸਕਦੇ ਹਾਂ ਜਿਸ ਬਾਰੇ ਸਾਡਾ ਮੰਨ੍ਹਣਾ ਹੈ ਕਿ ਕਾਨੂੰਨ ਦਾ ਪਾਲਣ ਕਰਨ ਲਈ ਜ਼ਰੂਰੀ ਹੈ, ਜਿਵੇਂ ਕਿ ਹੁਕਮ-ਹਾਜ਼ਰੀ ਜਾਂ ਅਦਾਲਤ ਦੇ ਆਦੇਸ਼ ਦੇ ਜਵਾਬ ਵਿੱਚ, ਕਾਨੂੰਨੀ ਦਾਅਵੇ ਤੋਂ ਬਚਾਅ ਕਰਨ ਲਈ ਜਾਂ ਸਾਡੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਜਾਂ ਲਾਗੂ ਕਾਨੂੰਨ ਦੁਆਰਾ ਇਜਾਜ਼ਤ ਅਨੁਸਾਰ ਕਿਸੇ ਹੋਰ ਤਰ੍ਹਾਂ। ਅਸੀਂ ਡੇਟਾ ਦਾ ਖੁਲਾਸਾ ਕਰਨ, ਹੁਕਮ-ਹਾਜ਼ਰੀ ਜਾਂ ਅਦਾਲਤੀ ਆਦੇਸ਼ ਨੂੰ ਚੁਣੌਤੀ ਦੇਣ ਲਈ ਜੇ, ਧਿਆਨ ਨਾਲ ਆਕਲਨ ਕਰਨ ਤੋਂ ਬਾਅਦ, ਅਸੀਂ ਇਹ ਨਤੀਜਾ ਕੱਢਦੇ ਹਾਂ ਕਿ ਅਜਿਹਾ ਕਰਨ ਦੇ ਜਾਇਜ਼ ਕਾਰਣ ਹਨ, ਹੁਕਮ-ਹਾਜ਼ਰੀ ਜਾਂ ਅਦਾਲਤੀ ਆਦੇਸ਼ ਦੇ ਪ੍ਰਭਾਵਾਂ ਨੂੰ ਖਾਰਜ ਕਰਨ ਲਈ ਆਰਜ਼ੀ ਉਪਾਅ ਖੋਜਣ ਲਈ ਜਦੋਂ ਤਕ ਅਦਾਲਤ ਚੰਗਿਆਈ 'ਤੇ ਫੈਸਲਾ ਨਹੀਂ ਲੈ ਲੈਂਦੀ ਹੈ, ਬੇਨਤੀ ਕੀਤੇ ਨਿੱਜੀ ਡੇਟਾ ਦਾ ਖੁਲਾਸਾ ਨਾ ਕਰਨ ਲਈ ਜਦੋਂ ਤਕ ਲਾਗੂ ਪ੍ਰਕਿਰਿਆਤਮਕ ਨਿਯਮਾਂ ਦੇ ਤਹਿਤ ਅਜਿਹਾ ਕਰਨ ਦੀ ਲੋੜ ਨਾ ਹੋਵੇ, ਅਤੇ ਹੁਕਮ-ਹਾਜ਼ਰੀ ਜਾਂ ਅਦਾਲਤ ਦੇ ਆਦੇਸ਼ ਦਾ ਜਵਾਬ ਦੇਣ ਸਮੇਂ ਇਜਾਜ਼ਤ ਦਿੱਤੀ ਗਈ ਨਿਊਨਤਮ ਮਾਤਰਾ ਵਿੱਚ ਜਾਣਕਾਰੀ ਪ੍ਰਦਾਨ ਕਰਨ ਲਈ ਕਿਸੇ ਹੁਕਮ-ਹਾਜ਼ਰੀ ਜਾਂ ਅਦਾਲਤੀ ਆਦੇਸ਼ ਦੀ ਕਾਨੂੰਨੀ

ਹੈਸੀਅਤ ਦੀ ਸਮੀਖਿਆ ਕਰਨ ਦਾ ਵਚਨ ਦਿੰਦੇ ਹਾਂ, ਜੋ ਹੁਕਮ-ਹਾਜ਼ਰੀ ਜਾਂ ਅਦਾਲਤੀ ਆਦੇਸ਼ ਦੀ ਮੁਨਾਸਿਬ ਵਿਆਖਿਆ ਉੱਤੇ ਆਧਾਰਿਤ ਹੈ। ਸਾਂਝੀ ਕੀਤੀ ਜਾਣਕਾਰੀ ਇਸ ਉੱਤੇ ਨਿਰਭਰ ਕਰਦੀ ਹੈ ਕਿ ਹੁਕਮ-ਹਾਜ਼ਰੀ ਜਾਂ ਅਦਾਲਤ ਦੇ ਆਦੇਸ਼ ਦੁਆਰਾ ਕੀ ਮੰਗ ਕੀਤੀ ਗਈ ਹੈ।

ਅਸੀਂ ਆਪਣੇ ਕੋਲ ਪਈ ਨਿੱਜੀ ਜਾਣਕਾਰੀ ਦਾ ਖੁਲਾਸਾ ਉਸ ਸਥਿਤੀ ਵਿੱਚ ਕਰ ਸਕਦੇ ਹਾਂ ਜਦੋਂ ਸਾਨੂੰ ਵਿਸ਼ਵਾਸ ਹੈ ਕਿ ਇਹ ਅਪਰਾਧਕ ਗਤੀਵਿਧੀ, ਨਿੱਜੀ ਸੱਟ, ਸੰਪੱਤੀ ਨੂੰ ਨੁਕਸਾਨ ਜਾਂ ਸਰੀਰਕ ਨੁਕਸਾਨ ਨੂੰ ਰੋਕਣ ਲਈ ਜ਼ਰੂਰੀ ਜਾਂ ਉਚਿਤ ਹੈ। ਖੁਲਾਸਾ ਕੀਤੀ ਨਿੱਜੀ ਜਾਣਕਾਰੀ ਹਾਲਾਤਾਂ ਉੱਤੇ ਨਿਰਭਰ ਕਰਦੀ ਹੈ।

ਅਸੀਂ ਤੁਹਾਡੀ ਜਾਣਕਾਰੀ ਨੂੰ ਦਿਲਚਸਪੀ ਰੱਖਣ ਵਾਲੇ ਉੱਤਰਾਧਿਕਾਰੀ ਨੂੰ ਟ੍ਰਾਂਸਫਰ ਕਰ ਸਕਦੇ ਹਾਂ ਜਿਸ ਵਿੱਚ ਪ੍ਰਾਪਤੀ, ਵਿਕਰੀ, ਸੰਪੱਤੀ ਦੀ ਵਿਕਰੀ, ਵਿਲੀਨਤਾ, ਜਾਂ ਦਿਵਾਲਾ ਨਿਕਲਣ ਦੀ ਸੂਰਤ ਵਿੱਚ ਤੀਜੀ ਧਿਰ ਸ਼ਾਮਲ ਹੋ ਸਕਦੀ ਹੈ ਪਰ ਇਸ ਤਕ ਸੀਮਿਤ ਨਹੀਂ। ਇਸ ਤੋਂ ਬਾਅਦ ਤੁਹਾਡੀ ਜਾਣਕਾਰੀ 'ਤੇ ਲਾਗੂ ਹੋਣ ਵਾਲੀਆਂ ਨੀਤੀਆਂ ਦਾ ਨਿਰਧਾਰਨ ਟ੍ਰਾਂਸਫਰ ਪ੍ਰਾਪਤਕਰਤਾ ਦੁਆਰਾ ਕੀਤਾ ਜਾ ਸਕਦਾ ਹੈ, ਜੇਕਰ ਕਾਨੂੰਨ ਦੁਆਰਾ ਕਿਸੇ ਹੋਰ ਤਰ੍ਹਾਂ ਵਰਜਿਤ ਨਾ ਹੋਵੇ। ਟ੍ਰਾਂਸਫਰ ਕੀਤੀ ਨਿੱਜੀ ਜਾਣਕਾਰੀ ਵਿੱਚ ਉੱਪਰ ਵਰਣਨ ਅਨੁਸਾਰ ਇਕੱਤਰ ਕੀਤੀ ਗਈ ਨਿੱਜੀ ਜਾਣਕਾਰੀ ਸ਼ਾਮਲ ਹੋਵੇਗੀ।

ਕੋਈ ਵੀ ਤੀਜੀ-ਧਿਰ ਜਿਸਦੇ ਨਾਲ ਅਸੀਂ ਤੁਹਾਡੀ ਜਾਣਕਾਰੀ ਸਾਂਝੀ ਕਰਦੇ ਹਾਂ, ਉਹ ਨੀਤੀ ਵਿੱਚ ਦੱਸੇ ਅਨੁਸਾਰ ਅਤੇ Apple ਐਪ ਦੇ ਦਿਸ਼ਾ-ਨਿਰਦੇਸ਼ਾਂ ਦੁਆਰਾ ਲੋੜ ਅਨੁਸਾਰ ਤੁਹਾਡੀ ਜਾਣਕਾਰੀ ਨੂੰ ਸਮਾਨ ਜਾਂ ਬਰਾਬਰ ਸੁਰੱਖਿਆ ਪ੍ਰਦਾਨ ਕਰੇਗੀ।

## ਅਸੀਂ ਨਿੱਜੀ ਡੇਟਾ ਨੂੰ ਕਿੱਥੇ ਸਟੋਰ ਅਤੇ ਪ੍ਰੋਸੈਸ ਕਰਦੇ ਹਾਂ

ਅਸੀਂ ਤੁਹਾਡੇ ਤੋਂ ਇਕੱਤਰ ਕੀਤੀ ਜਾਣਕਾਰੀ ਨੂੰ ਅਮਰੀਕਾ ਅਤੇ ਯੂਰਪੀਅਨ ਯੂਨੀਅਨ (EU) ਵਿੱਚ AWS ਦੁਆਰਾ ਪ੍ਰਦਾਨ ਕੀਤੇ ਸਰਵਰਾਂ ਉੱਤੇ ਸਟੋਰ ਕਰਦੇ ਹਾਂ। ਜਾਂਚ ਸਬੰਧੀ ਉਦੇਸ਼ਾਂ ਲਈ, ਅਸੀਂ ਤੁਹਾਡੇ ਤੋਂ ਇਕੱਤਰ ਕੀਤੀ ਜਾਣਕਾਰੀ ਨੂੰ ਯੂ.ਐਸ. ਵਿੱਚ ਸਾਡੇ ਕਰਮਚਾਰੀਆਂ ਦੁਆਰਾ ਵਰਤੇ ਗਏ ਡੈਸਕਟੌਪ ਅਤੇ ਲੈਪਟੌਪ ਕੰਪਿਊਟਰਾਂ ਉੱਤੇ ਵੀ ਸਟੋਰ ਕਰ ਸਕਦੇ ਹਾਂ। ਅਸੀਂ ਤੁਹਾਡੇ ਤੋਂ ਜਿਹੜੀ ਜਾਣਕਾਰੀ ਯੂਰਪੀ ਆਰਥਿਕ ਖੇਤਰ (European Economic Area, EEA), ਯੂਨਾਈਟਿਡ ਕਿੰਗਡਮ (UK), ਅਤੇ ਸਵਿਟਜ਼ਰਲੈਂਡ ਵਿੱਚ ਇਕੱਤਰ ਕਰਦੇ ਹਾਂ, ਇਹ EEA, UK, ਅਤੇ ਸਵਿਟਜ਼ਰਲੈਂਡ ਤੋਂ ਬਾਹਰ ਟ੍ਰਾਂਸਫਰ ਕੀਤੀ ਅਤੇ ਰੱਖੀ ਜਾ ਸਕਦੀ ਹੈ ਕਿਉਂਕਿ ਸਾਡੇ ਕਾਰਜ-ਖੇਤਰ ਅਤੇ ਸਾਡੇ ਕੁਝ ਸਰਵਰ ਯੂ.ਐਸ. ਤੋਂ ਬਾਹਰ ਸਥਿਤ ਹਨ। ਅਸੀਂ ਤੁਹਾਡੀ ਜਾਣਕਾਰੀ ਨੂੰ EEA, UK, ਅਤੇ ਸਵਿਟਜ਼ਰਲੈਂਡ ਤੋਂ ਬਾਹਰ ਟ੍ਰਾਂਸਫਰ ਕਰਨ ਲਈ ਮਿਆਰੀ ਇਕਰਾਰਨਾਮੇ ਵਾਲੀਆਂ ਦਫਾ-ਸ਼ਰਤਾਂ ਵਿੱਚ ਦਾਖ਼ਲ ਹੁੰਦੇ ਹਨ। ਅਸੀਂ EEA ਅਤੇ ਸਵਿਟਜ਼ਰਲੈਂਡ ਤੋਂ ਯੂ.ਐਸ. ਵਿੱਚ ਟ੍ਰਾਂਸਫਰ ਕੀਤੀ ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨ, ਵਰਤਣ ਅਤੇ ਸੰਭਾਲਣ ਬਾਰੇ ਅਮਰੀਕੀ ਵਣਜ ਵਿਭਾਗ (U.S. Department of Commerce) ਦੁਆਰਾ ਤੈਅ ਕੀਤੇ ਅਨੁਸਾਰ EU-U.S. ਨਿੱਜਤਾ ਸ਼ੀਲਡ ਫਰੇਮਵਰਕ ਅਤੇ Swiss-U.S. ਨਿੱਜਤਾ ਸ਼ੀਲਡ ਫਰੇਮਵਰਕ ਤੋਂ ਵਾਪਸੀ ਕਰ ਲਈ ਹੈ; ਅਸੀਂ ਨਿੱਜਤਾ ਸ਼ੀਲਡ ਸਿਧਾਂਤਾਂ ਵਿੱਚ ਹਿੱਸਾ ਲੈਂਦੇ ਸਮੇਂ ਪ੍ਰਾਪਤ ਕੀਤੀ ਨਿੱਜੀ ਜਾਣਕਾਰੀ 'ਤੇ ਨਿੱਜਤਾ ਸ਼ੀਲਡ ਸਿਧਾਂਤਾਂ ਨੂੰ ਲਾਗੂ ਕਰਨਾ ਜਾਰੀ ਰੱਖਾਂਗੇ। ਨਿੱਜਤਾ ਸ਼ੀਲਡ ਪ੍ਰੋਗਰਾਮ ਬਾਰੇ ਜ਼ਿਆਦਾ ਜਾਣਕਾਰੀ ਲਈ, https:// www.privacyshield.gov/ 'ਤੇ ਜਾਓ।

## ਅਸੀਂ ਤੁਹਾਡਾ ਨਿੱਜੀ ਡੇਟਾ ਕਿੰਨੇ ਲੰਮੇ ਸਮੇਂ ਲਈ ਰੱਖ ਸਕਦੇ ਹਾਂ

ਅਸੀਂ ਤੁਹਾਡੀ ਜਾਣਕਾਰੀ ਨੂੰ ਉੰਨੇ ਲੰਮੇ ਸਮੇਂ ਲਈ ਰੱਖ ਸਕਦੇ ਹਾਂ ਜਿੰਨੀ ਦੇਰ ਸਾਨੂੰ ਕਾਨੂੰਨ ਅਨੁਸਾਰ ਰੱਖਣੀ ਪੈਂਦੀ ਹੈ। ਜੇ ਇਸਦੇ ਵਿਪਰੀਤ ਇਸ਼ਾਰਾ ਕਰ ਰਹੀ ਕੋਈ ਕਾਨੂੰਨੀ ਲੋੜ ਨਹੀਂ ਹੈ, ਤਾਂ ਅਸੀਂ ਇਸ ਨੂੰ ਸਿਰਫ਼ ਉੰਨੀ ਦੇਰ ਲਈ ਰੱਖਾਂਗੇ ਜਿੰਨੀ ਦੇਰ ਸਾਨੂੰ ਸੇਵਾਵਾਂ ਦੇਣ ਲਈ ਇਸਦੀ ਲੋੜ ਹੁੰਦੀ ਹੈ। ਅਸੀਂ ਤੁਹਾਡੀ ਜਾਣਕਾਰੀ ਨੂੰ ਮੁਨਾਸਬ ਮਿਆਦ ਲਈ ਵੀ ਰੱਖ ਸਕਦੇ ਹਾਂ। ਉਦਾਹਰਣ ਲਈ, ਜਿੱਥੇ ਯੂ.ਐਸ. ਕਾਨੂੰਨ ਲਾਗੂ ਹੁੰਦਾ ਹੈ, ਅਤੇ ਜਿੱਥੇ ਯੂ.ਐਸ. ਕਾਨੂੰਨ ਅਨੁਸਾਰ ਲੋੜ ਹੁੰਦੀ ਹੈ, ਅਸੀਂ ਕਵਰ ਕੀਤੀ ਸੁਰੱਖਿਅਤ ਸਿਹਤ ਜਾਣਕਾਰੀ ਨੂੰ 7.5 ਸਾਲਾਂ ਲਈ ਜਾਂ ਉਂਝ ਕਾਨੂੰਨ ਦੁਆਰਾ ਲੋੜ ਜਾਂ ਇਜਾਜ਼ਤ ਦਿੱਤੇ ਅਨੁਸਾਰ ਸਾਂਭ ਕੇ ਰੱਖਦੇ ਹਾਂ, ਅਤੇ ਜਿੱਥੇ ਉਦਯੋਗ ਢਾਂਚੇ ਅਤੇ ਨੈਦਾਨਿਕ ਅਧਿਐਨ ਰਿਪੋਰਟਾਂ ਦੇ ਤਤਕਰੇ ਲਈ ਹਾਰਮੋਨਾਈਜ਼ੇਸ਼ਨ 'ਤੇ ਅੰਤਰਰਾਸ਼ਟਰੀ ਕਾਨਫਰੰਸ ਦੇ ਦਿਸ਼ਾ-ਨਿਰਦੇਸ਼ ਲਾਗੂ ਹੁੰਦੇ ਹਨ, ਉਦੋਂ ਨੈਦਾਨਿਕ ਖੋਜ ਅਧਿਐਨ ਡੇਟਾ ਨੂੰ ਸੇਵਾਵਾਂ ਪੂਰੀਆਂ ਕਰਨ ਵਜੋਂ 25 ਸਾਲਾਂ ਦੀ ਮਿਆਦ ਲਈ ਜਾਂ ਸਥਾਨਕ ਕਾਨੂੰਨ ਦੁਆਰਾ ਲੋੜ ਅਨੁਸਾਰ ਲੰਮੇ ਸਮੇਂ ਲਈ ਸਾਂਭਿਆ ਜਾ ਸਕਦਾ ਹੈ।

.

## ਅਸੀਂ ਸੋਸ਼ਲ ਮੀਡੀਆ ਉੱਤੇ ਕਿੱਥੇ ਹਾਂ ਅਤੇ ਕੂਕੀਜ਼

ਤੁਸੀਂ ਸਾਨੂੰ Facebook, Twitter, ਅਤੇ LinkedIn ਉੱਤੇ ਲੱਭ ਸਕਦੇ ਹੋ। ਜਦੋਂ ਤੁਸੀਂ ਸਾਡੇ ਸੋਸ਼ਲ ਮੀਡੀਆ ਪੰਨੇ ਦੇਖਦੇ ਹੋ, ਤਾਂ ਤੁਸੀਂ ਆਪਣੀਆਂ ਬੇਨਤੀ ਕੀਤੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਗੈਰ-ਜ਼ਰੂਰੀ ਕੂਕੀਜ਼ ਦੀ ਸੈਟਿੰਗ 'ਤੇ ਨਿਯੰਤ੍ਰਣ ਕਰ ਸਕਦੇ ਹੋ। ਕੂਕੀ ਤੁਹਾਡੀ ਡਿਵਾਈਸ ਉੱਤੇ ਰੱਖੀ ਇੱਕ ਛੋਟੀ ਫਾਈਲ ਹੈ ਜੋ [www.datacubed.com](http://www.datacubed.com) ਵੈੱਬਸਾਈਟ ਉੱਤੇ ਵਿਸ਼ੇਸ਼ਤਾਵਾਂ ਅਤੇ ਕਾਰਜਸ਼ੀਲਤਾ ਨੂੰ ਯੋਗ ਬਣਾਉਂਦੀ ਹੈ। Datacubed Health ਕੂਕੀ ਨੀਤੀ ਸਮਝਾਉਂਦੀ ਹੈ ਕਿ ਕੂਕੀਜ਼ ਕੀ ਹਨ, ਸਾਡੀ ਕੂਕੀਜ਼ ਦੀ ਵਰਤੋਂ ਵਿੱਚ ਕੀ ਸ਼ਾਮਲ ਹੈ, ਅਤੇ ਤੁਸੀਂ ਕੂਕੀਜ਼ ਦਾ ਪ੍ਰਬੰਧ ਕਿਵੇਂ ਕਰ ਸਕਦੇ ਹੋ। ਸਿਵਾਏ ਅਜਿਹੇ ਕੂਕੀਜ਼ ਦੇ ਜੋ ਤੁਹਾਡੇ ਵਲੋਂ ਬੇਨਤੀ ਕੀਤੀ ਗਈ ਸੇਵਾ ਲਈ ਜ਼ਰੂਰੀ ਹਨ, ਤੁਹਾਡੀ ਡਿਵਾਈਸ ਉੱਤੇ ਕੋਈ ਕੂਕੀ ਨਹੀਂ ਰਹੇਗਾ, ਅਤੇ ਅਸੀਂ ਕੂਕੀਜ਼ ਤੋਂ ਇਕੱਤਰ ਕੀਤੀ ਕਿਸੇ ਜਾਣਕਾਰੀ ਨੂੰ ਕਾਨੂੰਨ ਦੁਆਰਾ ਇਜਾਜ਼ਤ ਦਿੱਤੇ ਸਮੇਂ ਤੋਂ ਜ਼ਿਆਦਾ ਸਮੇਂ ਲਈ ਨਹੀਂ ਸਾਂਭਾਂਗੇ।

## ਤੁਹਾਡੀ ਜਾਣਕਾਰੀ ਬਾਰੇ ਤੁਹਾਡੇ ਅਧਿਕਾਰ

ਤੁਹਾਡੇ ਕੋਲ ਹੇਠ ਲਿਖੇ ਅਧਿਕਾਰ ਹਨ:

- ਇਹ ਜਾਣਨਾ ਕਿ ਅਸੀਂ ਤੁਹਾਡੀ ਜਾਣਕਾਰੀ ਨੂੰ ਕਿਵੇਂ ਇਕੱਤਰ ਕਰ ਰਹੇ, ਵਰਤ ਰਹੇ, ਜਾਂ ਸਾਂਝਾ ਕਰ ਰਹੇ ਹਾਂ ਅਤੇ ਇਸ ਜਾਣਕਾਰੀ ਤਕ ਪਹੁੰਚ ਦੀ ਬੇਨਤੀ ਕਰਨਾ
- ਇਹ ਬੇਨਤੀ ਕਰਨਾ ਕਿ ਜੇਕਰ ਤੁਹਾਡੀ ਜਾਣਕਾਰੀ ਗ਼ਲਤ ਜਾਂ ਅਧੂਰੀ ਹੋਵੇ ਤਾਂ ਅਸੀਂ ਇਸ ਨੂੰ ਸਹੀ ਕਰੀਏ
- ਸਾਨੂੰ ਤੁਹਾਡੀ ਜਾਣਕਾਰੀ ਨੂੰ ਮਿਟਾਉਣ ਲਈ ਆਖਣਾ ਜੇਕਰ
    - ਤੁਹਾਡੀ ਜਾਣਕਾਰੀ ਹੁਣ ਉਸ ਉਦੇਸ਼ ਲਈ ਜ਼ਰੂਰੀ ਨਹੀਂ ਹੈ ਜਿਸ ਲਈ ਇਹ ਇਕੱਤਰ ਕੀਤੀ, ਵਰਤੀ, ਜਾਂ ਸਾਂਝੀ ਕੀਤੀ ਗਈ ਸੀ
    - ਤੁਸੀਂ ਆਪਣੀ ਸਹਿਮਤੀ ਵਾਪਸ ਲੈਂਦੇ ਹੋ ਜਿਸ ਉੱਤੇ ਇਕੱਤਰ ਕਰਨਾ, ਵਰਤਣਾ ਜਾਂ ਸਾਂਝਾ ਕਰਨਾ ਆਧਾਰਿਤ ਹੈ

- ਤੁਸੀਂ ਇਕੱਤਰ ਕਰਨ, ਵਰਤਣ ਜਾਂ ਸਾਂਝਾ ਕਰਨ ਲਈ ਇਤਰਾਜ਼ ਕਰਦੇ ਹੋ ਅਤੇ ਇਕੱਤਰ ਕਰਨਾ, ਵਰਤਣਾ ਜਾਂ ਸਾਂਝਾ ਕਰਨਾ ਜਾਰੀ ਰੱਖਣ ਲਈ ਕੋਈ ਹੋਰ ਜ਼ਿਆਦਾ ਜ਼ਰੂਰੀ ਜਾਇਜ਼ ਹਿੱਤ ਨਹੀਂ ਹੈ
    - ਤੁਸੀਂ ਪ੍ਰਤੱਖ ਮਾਰਕਿਟਿੰਗ ਉਦੇਸ਼ਾਂ ਲਈ ਆਪਣੀ ਜਾਣਕਾਰੀ ਦੇ ਇਕੱਤਰਨ, ਵਰਤਣ ਜਾਂ ਸਾਂਝਾ ਕਰਨ 'ਤੇ ਇਤਰਾਜ਼ ਕਰਦੇ ਹੋ
    - ਤੁਹਾਡੀ ਜਾਣਕਾਰੀ ਗੈਰ-ਕਾਨੂੰਨੀ ਢੰਗ ਨਾਲ ਇਕੱਤਰ ਕੀਤੀ, ਵਰਤੀ, ਜਾਂ ਸਾਂਝੀ ਕੀਤੀ ਗਈ ਸੀ
    - ਤੁਹਾਡੀ ਜਾਣਕਾਰੀ ਕਿਸੇ ਕਾਨੂੰਨੀ ਬੰਦਸ਼ ਦਾ ਪਾਲਣ ਕਰਨ ਲਈ ਹਟਾਉਣੀ ਪੈਂਦੀ ਹੈ
    - ਬੱਚਿਆਂ ਨੂੰ ਔਨਲਾਈਨ ਸੇਵਾਵਾਂ ਪੇਸ਼ ਕਰਨ ਲਈ ਤੁਹਾਡੀ ਜਾਣਕਾਰੀ ਇਕੱਤਰ ਕੀਤੀ ਗਈ ਸੀ
- ਤੁਹਾਡੀ ਜਾਣਕਾਰੀ ਨੂੰ ਇਕਤਰਨ ਕਰਨ, ਵਰਤਣ ਜਾਂ ਸਾਂਝਾ ਕਰਨ 'ਤੇ ਸਾਡੇ ਵਲੋਂ ਪਾਬੰਦੀ ਪ੍ਰਾਪਤ ਕਰਨਾ ਜੇਕਰ
    - ਤੁਸੀਂ ਆਪਣੀ ਜਾਣਕਾਰੀ ਦੀ ਸਟੀਕਤਾ ਦਾ ਵਿਰੋਧ ਕਰਦੇ ਹੋ
    - ਤੁਸੀਂ ਜਾਇਜ਼ ਹਿੱਤ ਦੇ ਆਧਾਰ ਉੱਤੇ ਇਕੱਤਰਨ, ਵਰਤੋਂ ਜਾਂ ਸਾਂਝਾ ਕਰਨ 'ਤੇ ਇਤਰਾਜ਼ ਕੀਤਾ ਹੈ ਅਤੇ ਅਸੀਂ ਵਿਚਾਰ ਕਰ ਰਹੇ ਹਾਂ ਕਿ ਸਾਡਾ ਜਾਂ ਤੀਜੀ-ਧਿਰ ਦੇ ਜਾਇਜ਼ ਹਿੱਤ ਦਾ ਆਧਾਰ ਤੁਹਾਡੇ ਹਿੱਤ ਤੋਂ ਵੱਧ ਮਹੱਤਵਪੂਰਨ ਹੈ ਜਾਂ ਨਹੀਂ
    - ਇਕੱਤਰ ਕਰਨਾ, ਵਰਤਣਾਂ ਜਾਂ ਸਾਂਝਾ ਕਰਨਾ ਗੈਰ-ਕਾਨੂੰਨੀ ਹੈ, ਅਤੇ ਤੁਸੀਂ ਮਿਟਾਉਣ ਦਾ ਵਿਰੋਧ ਕਰਦੇ ਹੋ ਅਤੇ ਬੇਨਤੀ ਕਰਦੇ ਹੋ ਕਿ ਇਸਦੀ ਬਜਾਏ ਵਰਤੋਂ 'ਤੇ ਪਾਬੰਦੀ ਲਗਾਈ ਜਾਵੇ
    - ਸਾਨੂੰ ਤੁਹਾਡੀ ਜਾਣਕਾਰੀ ਦੀ ਹੁਣ ਕੋਈ ਲੋੜ ਨਹੀਂ ਹੈ, ਪਰ ਤੁਹਾਨੂੰ ਕੋਈ ਕਾਨੂੰਨੀ ਦਾਅਵਾ ਕਰਨ, ਇਸ ਨੂੰ ਚਲਾਉਣ ਜਾਂ ਇਸ ਤੋਂ ਬਚਾਅ ਕਰਨ ਲਈ ਆਪਣੀ ਜਾਣਕਾਰੀ ਚਾਹੀਦੀ ਹੈ
- ਤੁਹਾਡੇ ਵਲੋਂ ਸਾਨੂੰ ਪ੍ਰਦਾਨ ਕੀਤੀ ਜਾਣਕਾਰੀ ਨੂੰ ਤੁਹਾਡੇ ਨਾਲ ਲਿਜਾਉਣ ਦੇ ਯੋਗ ਹੋਣ ਲਈ ਅਤੇ ਉਸ ਜਾਣਕਾਰੀ ਨੂੰ ਕਿਸੇ ਹੋਰ ਸੰਗਠਨ ਨੂੰ ਭੇਜਣ ਲਈ ਜਿੱਥੇ ਸਾਡੇ ਵਲੋਂ ਉਸ ਜਾਣਕਾਰੀ ਨੂੰ ਇਕੱਤਰ ਕਰਨਾ, ਵਰਤਣਾ ਜਾਂ ਸਾਂਝਾ ਕਰਨਾ ਸਵੈਚਾਲਿਤ ਸਾਧਨਾਂ ਦੁਆਰਾ ਕੀਤੀ ਜਾਂਦਾ ਹੈ ਅਤੇ ਇਹ ਤੁਹਾਡੀ ਸਹਿਮਤੀ ਜਾਂ ਇਕਰਾਰਨਾਮੇ ਦੀਆਂ ਸ਼ਰਤਾਂ 'ਤੇ ਆਧਾਰਿਤ ਹੈ
- ਜਾਇਜ਼ ਹਿੱਤ ਦੇ ਉਦੇਸ਼ਾਂ ਜਾਂ ਕਿਸੇ ਕਾਨੂੰਨੀ ਕਾਰਜ ਨੂੰ ਪੂਰਾ ਕਰਨ, ਪ੍ਰਤੱਖ ਮਾਰਕਿਟਿੰਗ ਅਤੇ ਵਿਗਿਆਨਕ/ਇਤਿਹਾਸਕ ਖੋਜ ਅਤੇ ਅੰਕੜਿਆਂ ਦੇ ਆਧਾਰ ਉੱਤੇ ਇਕੱਤਰਨ, ਵਰਤੋਂ ਜਾਂ ਸਾਂਝ 'ਤੇ ਇਤਰਾਜ਼ ਕਰਨਾ
- ਇੱਕਮਾਤਰ ਤੌਰ 'ਤੇ ਸਵੈਚਾਲਿਤ ਪ੍ਰੋਸੈਸਿੰਗ (ਪ੍ਰੋਫ਼ਾਈਲਿੰਗ ਸਮੇਤ) ਦੇ ਆਧਾਰ ਉੱਤੇ ਕਿਸੇ ਫੈਸਲੇ ਦੇ ਅਧੀਨ ਨਾ ਹੋਣਾ ਜਿਸਦੇ ਤੁਹਾਡੇ ਨਾਲ ਸਬੰਧਤ ਕਾਨੂੰਨੀ ਪ੍ਰਭਾਵ ਪੈਂਦੇ ਹਨ ਜਾਂ ਸਮਾਨ ਤਰੀਕੇ ਵਿੱਚ ਤੁਹਾਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੇ ਹਨ
- ਕਿਸੇ ਨਿਰੀਖਣਾਤਮਕ ਅਧਿਕਰਨ ਦੇ ਨਾਲ ਸ਼ਿਕਾਇਤ ਦਰਜ ਕਰਨਾ

## ਤੁਸੀਂ ਆਪਣੇ ਅਧਿਕਾਰਾਂ ਦੀ ਵਰਤੋਂ ਕਿਵੇਂ ਕਰਦੇ ਹੋ

ਤੁਸੀਂ legal@datacubed.com 'ਤੇ ਸਾਨੂੰ ਈਮੇਲ ਭੇਜ ਕੇ ਕਿਸੇ ਵੀ ਸਮੇਂ 'ਤੇ ਆਪਣੀ ਖਾਤਾ ਜਾਣਕਾਰੀ ਤਕ ਪਹੁੰਚ ਸਕਦੇ, ਇਸ ਨੂੰ ਸਹੀ ਕਰ ਸਕਦੇ, ਜਾਂ ਮਿਟਾ ਸਕਦੇ ਹੋ ਜਾਂ ਆਪਣੇ ਖਾਤੇ ਨੂੰ ਰੱਦ ਕਰ ਸਕਦੇ ਹੋ। ਕਿਰਪਾ ਕਰਕੇ ਧਿਆਨ ਦਿਓ ਕਿ ਕੁਝ ਮਾਮਲਿਆਂ ਵਿੱਚ, ਅਸੀਂ ਕਾਨੂੰਨ ਦੁਆਰਾ ਲੋੜ ਅਨੁਸਾਰ ਤੁਹਾਡੇ ਬਾਰੇ ਕਿਸੇ ਖਾਸ ਜਾਣਕਾਰੀ ਨੂੰ ਸਾਂਭ ਸਕਦੇ ਹਾਂ।

## ਨਿਯੰਤ੍ਰਣ ਕਰਨ ਵਾਲਾ ਕਨੂੰਨ

EU ਕਨੂੰਨ ਨੀਤੀ 'ਤੇ ਨਿਯਤ੍ਰਣ ਕਰਦੇ ਹਨ।

## ਨੀਤੀ ਵਿੱਚ ਬਦਲਾਵ

ਨੀਤੀ ਉੱਪਰ ਤੈਅ ਕੀਤੀ ਪ੍ਰਭਾਵੀ ਮਿਤੀ ਅਨੁਸਾਰ ਵਰਤਮਾਨ ਹੈ। ਅਸੀਂ ਨੀਤੀ ਨੂੰ ਸਮੇਂ-ਸਮੇਂ 'ਤੇ ਬਦਲ ਸਕਦੇ ਹਾਂ, ਇਸਲਈ ਕੁਝ ਸਮੇਂ ਬਾਅਦ ਲਗਾਤਾਰ ਇਸਦੀ ਜਾਂਚ ਕਰਨਾ ਪੱਕਾ ਕਰੋ। ਅਸੀਂ ਆਪਣੀ ਵੈੱਬਸਾਈਟ www.datacubed.com 'ਤੇ ਨੀਤੀ ਵਿੱਚਲੇ ਕਿਸੇ ਬਦਲਾਵਾਂ ਨੂੰ ਪੋਸਟ ਕਰਾਂਗੇ।